⑦

## ਪੰਜ ਮੇਲ

(ਅੰਮ੍ਰਿਤ ਪਾਲ ਸਿੰਘ 'ਅੰਮ੍ਰਿਤ')

'ਪੰਜ ਮੇਲ' ਤੋਂ ਭਾਵ ਹੈ, ਉਹ ਪੰਜ ਲੋਕ, ਜਿਨ੍ਹਾਂ ਨਾਲ ਵਰਤਣ ਤੋਂ ਸਿੱਖ ਨੂੰ ਮਨਾਹੀ ਹੈ। ਇਹ ਪੰਜ ਮੇਲ ਇਹ ਹਨ, ਮੀਣੇ, ਧੀਰਮੱਲੀਏ, ਰਾਮਰਾਈਏ, ਮਸੰਦ, ਸਿਰਗੁੰਮ। ਇਸ ਤੋਂ ਇਲਾਵਾ 'ਕੁੜੀ ਮਾਰ' ਅਤੇ 'ਨੜੀ ਮਾਰ' ਨਾਲ ਵਰਤਣ ਦੀ ਵੀ ਮਨਾਹੀ ਹੈ।[੧]

ਮੀਣੇ: - ਭਾਈ ਸਾਹਿਬ ਗੁਰਦਾਸ ਜੀ ਲਿੱਖਦੇ ਹਨ, "*ਹਰਿ ਚੰਦਉਰੀ ਦੇਖਿ ਕੈ ਕਰਦੇ ਭਰਵਾਸਾ। ਥਲ ਵਿਚ ਤਪਨਿ ਭਠੀਆਂ ਕਿਉ ਲਹੈ ਪਿਆਸਾ। ਸੁਹਣੇ ਰਾਜੁ ਕਮਾਈਐ ਕਰਿ ਭੋਗ ਬਿਲਾਸਾ। ਛਾਇਆ ਬਿਰਖੁ ਨ ਰਹੈ ਥਿਰੁ ਪੁਜੈ ਕਿਉ ਆਸਾ। ਬਾਜੀਗਰ ਦੀ ਖੇਡ ਜਿਉ ਸਭੁ ਕੂੜੁ ਤਮਾਸਾ। ਰਲੈ ਜੁ ਸੰਗਤਿ ਮੀਣਿਆਂ ਉਠਿ ਚਲੈ ਨਿਰਾਸਾ ॥੭॥*" (ਵਾਰ ੩੬)।

ਪੰਜਾਬੀ ਵਿੱਚ 'ਮੀਣਾ' ਕਪਟੀ ਵਿਅਕਤੀ ਨੂੰ ਕਹਿੰਦੇ ਹਨ। ਮੀਣਾ ਉਹ ਵਿਅਕਤੀ ਹੈ, ਜੋ ਆਪਣੇ ਮਨ ਅੰਦਰਲੇ ਕਪਟ ਨੂੰ ਹੋਰਨਾਂ ਸਾਹਮਣੇ ਪ੍ਰਗਟ ਨਹੀਂ ਹੋਣ ਦਿੰਦਾ।

ਸਿੱਖ ਪਰੰਪਰਾ ਵਿੱਚ ਪ੍ਰਿਥੀ ਚੰਦ, ਜੋ ਕਿ ਗੁਰੂ ਰਾਮਦਾਸ ਜੀ ਦੇ ਵੱਡੇ ਪੁੱਤਰ ਸਨ, ਨੂੰ ਮੀਣਾ ਕਿਹਾ ਗਿਆ ਹੈ। ਪ੍ਰਿਥੀ ਚੰਦ ਦੇ ਵੰਸ਼ ਨਾਲ ਸੰਬੰਧਿਤ ਹਰ ਉਸ ਵਿਅਕਤੀ ਨੂੰ, ਜਿਸ ਨੇ ਖੰਡੇ-ਬਾਟੇ ਦਾ ਅੰਮ੍ਰਿਤ ਨਹੀਂ ਛਕਿਆ, ਮੀਣਾ ਹੀ ਆਖਿਆ ਜਾਂਦਾ ਹੈ। ਪ੍ਰਿਥੀ ਚੰਦ ਨੇ ਆਪਣੇ ਭਰਾ ਗੁਰੂ ਅਰਜਨ ਦੇਵ ਸਾਹਿਬ ਨਾਲ ਬਹੁਤ ਵੈਰ ਕਮਾਇਆ। ਉਸ ਨੇ ਗੁਰੂ ਅਰਜਨ ਦੇਵ ਜੀ ਦੇ ਸਪੁੱਤਰ (ਗੁਰੂ) ਹਰਿਗੋਬਿੰਦ ਸਾਹਿਬ ਜੀ ਨੂੰ ਕਤਲ ਕਰਵਾਉਣ ਦੀ ਅਸਫ਼ਲ ਕੋਸ਼ਿਸ਼ ਵੀ ਕੀਤੀ। ਪ੍ਰਿਥੀ ਚੰਦ ਨੇ ਸਾਜ਼ਿਸ਼ ਕਰ ਕੇ ਸੁਲਹੀ ਖ਼ਾਨ ਨੂੰ ਅੰਮ੍ਰਿਤਸਰ ਸਾਹਿਬ ਉਤੈ ਹਮਲਾ ਕਰਨ ਲਈ ਪ੍ਰੇਰਿਤ ਕੀਤਾ ਸੀ। ਪ੍ਰਿਥੀ ਚੰਦ ਨੇ ਸ੍ਰੀ ਅੰਮ੍ਰਿਤਸਰ ਸਾਹਿਬ ਦੇ ਮੁਕਾਬਲੇ ਆਪਣੇ ਸਹੁਰੇ ਪਿੰਡ 'ਹੇਹਰਾਂ' ਵਿਖੇ ਆਪਣਾ ਤੀਰਥ ਅਸਥਾਨ ਰਚਿਆ, ਜੋ ਕਿ ਕਾਮਯਾਬ ਨਾ ਹੋ ਸਕਿਆ। ਪ੍ਰਿਥੀ ਚੰਦ ਦੇ ਪੁੱਤਰ 'ਮਿਹਰਬਾਨ' ਨੇ ਨਾਨਕ ਪਦ ਵਰਤ ਕੇ ਕਈ ਕਵਿਤਾਵਾਂ ਲਿਖੀਆਂ ਤੇ ਇਨ੍ਹਾਂ ਨੂੰ ਗੁਰਬਾਣੀ ਵਜੋਂ ਪ੍ਰਚਲਿੱਤ ਕਰਨ ਦੀ ਕੋਸ਼ਿਸ਼ ਕੀਤੀ। ਪ੍ਰਿਥੀ ਚੰਦ ਅਤੇ ਉਸ ਦੇ ਵੰਸ਼ਜਾਂ ਦੀਆਂ ਅਜਿਹੀਆਂ ਹਰਕਤਾਂ ਕਾਰਣ ਗੁਰੂ ਸਾਹਿਬਾਨ ਨੇ ਆਪਣੇ ਸਿੱਖਾਂ ਨੂੰ ਮੀਣਿਆਂ ਨਾਲ ਮੇਲ ਕਰਨ ਤੋਂ ਵਰਜ ਦਿੱਤਾ।

---

[੧] "*ਮੀਣੇ, ਮਸੰਦ, ਧੀਰਮੱਲੀਏ, ਰਾਮਰਾਈਏ ਆਦਿਕ ਪੰਥ ਵਿਰੋਧੀਆਂ ਨਾਲ ਜਾਂ ਨੜੀਮਾਰ, ਕੁੜੀਮਾਰ, ਸਿਰਗੁੰਮ ਨਾਲ ਵਰਤਣ ਵਾਲਾ ਤਨਖਾਹੀਆ ਹੋ ਜਾਂਦਾ ਹੈ।*" (ਸਿੱਖ ਰਹਿਤ ਮਰਯਾਦਾ)।

**ਧੀਰਮੱਲੀਏ:** - ਧੀਰਮੱਲ ਛੇਵੇਂ ਗੁਰੂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਪੋਤਰਾ ਅਤੇ ਬਾਬਾ ਗੁਰਦਿੱਤਾ ਜੀ ਦਾ ਪੁੱਤਰ ਸੀ। ਧੀਰਮੱਲ ਨੂੰ ਮੰਨਣ ਵਾਲੇ ਧੀਰਮੱਲੀਏ ਆਖੇ ਜਾਂਦੇ ਹਨ।

ਜਦੋਂ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਮਹਾਰਾਜ 'ਬਾਬਾ ਬਕਾਲੇ' ਆਖ ਕੇ ਜੋਤੀ ਜੋਤ ਸਮਾ ਗਏ, ਤਾਂ ਪਿੰਡ ਬਕਾਲੇ ਵਿੱਚ ੨੨ ਸੋਢੀ ਗੁਰੂ ਬਣ ਕੇ ਬੈਠ ਗਏ ਤੇ ਆਪਣੇ ਆਪ ਨੂੰ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦਾ ਵਾਰਿਸ ਘੋਸ਼ਿਤ ਕਰ ਦਿੱਤਾ। ਧੀਰਮੱਲ ਇਨ੍ਹਾਂ ਵਿੱਚੋਂ ਪ੍ਰਮੁੱਖ ਸੀ। ਜਦੋਂ ਗੁਰੂ ਤੇਗ਼ ਬਹਾਦਰ ਸਾਹਿਬ ਜੀ ਇਸ ਸੰਸਾਰ ਵਿੱਚ ਗੁਰੂ ਵਜੋਂ ਪ੍ਰਗਟ ਹੋਏ, ਤਾਂ ਧੀਰਮੱਲ ਨੇ ਆਪਣੇ ਮਸੰਦ ਸ਼ੀਹੇਂ ਰਾਹੀਂ ਗੁਰੂ ਤੇਗ਼ ਬਹਾਦਰ ਸਾਹਿਬ ਉੱਤੈ ਗੋਲ਼ੀ ਚਲਵਾਈ ਸੀ। ਧੀਰਮੱਲ ਨੇ ਆਪਣੇ ਗੁੰਡਿਆਂ ਦੀ ਮਦਦ ਨਾਲ ਗੁਰੂ ਸਾਹਿਬ ਦਾ ਮਾਲ-ਅਸਬਾਬ ਆਦਿ ਵੀ ਲੁੱਟ ਲਿਆ, ਜਿਸ ਨੂੰ ਮਾਮਾ ਕ੍ਰਿਪਾਲ ਚੰਦ ਜੀ ਆਦਿਕ ਗੁਰਸਿੱਖਾਂ ਨੇ ਖੋਹ ਕੇ ਵਾਪਸ ਲੈ ਆਉਂਦਾ।

**ਰਾਮਰਾਈਏ:** - ਰਾਮਰਾਇ ਗੁਰੂ ਹਰਿਰਾਇ ਸਾਹਿਬ ਦਾ ਵੱਡਾ ਪੁੱਤਰ ਅਤੇ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦਾ ਵੱਡਾ ਭਰਾ ਸੀ। ਜਦੋਂ ਬਾਦਸ਼ਾਹ ਔਰੰਗਜ਼ੇਬ ਨੇ ਗੁਰੂ ਹਰਿਰਾਇ ਸਾਹਿਬ ਜੀ ਨੂੰ ਆਪਣੇ ਦਰਬਾਰ ਵਿੱਚ ਹਾਜ਼ਰ ਹੋਣ ਲਈ ਆਖਿਆ, ਤਾਂ ਗੁਰੂ ਹਰਿਰਾਇ ਸਾਹਿਬ ਨੇ ਆਪ ਜਾਣ ਦੀ ਬਜਾਇ ਆਪਣੇ ਪੁੱਤਰ ਰਾਮਰਾਇ ਨੂੰ ਔਰੰਗਜ਼ੇਬ ਦੇ ਦਰਬਾਰ ਵਿੱਚ ਦਿੱਲੀ ਭੇਜ ਦਿੱਤਾ। ਇਹ ਕਾਫ਼ੀ ਚਿਰ ਬਾਦਸ਼ਾਹ ਔਰੰਗਜ਼ੇਬ ਦੇ ਦਰਬਾਰ ਵਿੱਚ ਰਿਹਾ ਤੇ ਚੰਗਾ ਰਸੂਖ ਬਣਾ ਲਿਆ।

ਇੱਕ ਵਾਰ ਕਿਸੀ ਚਰਚਾ ਦੌਰਾਨ ਗੁਰੂ ਨਾਨਕ ਦੇਵ ਜੀ ਦੇ ਇਸ ਸਲੋਕ ਦਾ ਜ਼ਿਕਰ ਹੋਇਆ, "*ਮਿਟੀ ਮੁਸਲਮਾਨ ਕੀ ਪੇੜੈ ਪਈ ਕੁਮ੍ਹਿਆਰ ॥ ਘੜਿ ਭਾਂਡੇ ਇਟਾ ਕੀਆ ਜਲਦੀ ਕਰੇ ਪੁਕਾਰ ॥ ਜਲਿ ਜਲਿ ਰੋਵੈ ਬਪੁੜੀ ਝੜਿ ਝੜਿ ਪਵਹਿ ਅੰਗਿਆਰ ॥ ਨਾਨਕ ਜਿਨਿ ਕਰਤੈ ਕਾਰਣੁ ਕੀਆ ਸੋ ਜਾਣੈ ਕਰਤਾਰੁ ॥੨॥*"[੨] ਜਦੋਂ ਰਾਮਰਾਇ ਨੂੰ ਇਸ ਸਲੋਕ ਵਿੱਚ ਮੁਸਲਮਾਨ ਦੀ ਮਿੱਟੀ ਦੇ ਜ਼ਿਕਰ ਬਾਰੇ ਪੁੱਛਿਆ ਗਿਆ, ਤਾਂ ਉਸ ਨੇ ਆਪਣੇ ਰਸੂਖ ਨੂੰ ਬਚਾਉਣ ਲਈ ਕਹਿ ਦਿੱਤਾ ਕਿ ਅਸਲ ਲਫ਼ਜ਼ 'ਮੁਸਲਮਾਨ' ਨਹੀਂ, ਬਲਕਿ 'ਬੇਈਮਾਨ' ਹੈ। ਇਸ ਕਾਰਣ ਗੁਰੂ ਹਰਿਰਾਇ ਸਾਹਿਬ ਨੇ ਉਸ ਨੂੰ ਤਿਆਗ ਦਿੱਤਾ।

ਔਰੰਗਜ਼ੇਬ ਦਾ ਦਰਬਾਰੀ ਹੋਣ ਕਾਰਣ ਰਾਮਰਾਇ ਦਾ ਚੰਗਾ ਅਸਰ-ਰਸੂਖ ਸੀ। ਜਦੋਂ ਗੁਰੂ ਹਰਿਕ੍ਰਿਸ਼ਨ ਸਾਹਿਬ ਨੂੰ ਗੁਰਗੱਦੀ ਮਿਲੀ, ਤਾਂ ਈਰਖਾ ਵੱਸ ਰਾਮਰਾਇ ਨੇ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦੇ ਖ਼ਿਲਾਫ਼ ਸਾਜ਼ਿਸ਼ਾਂ ਘੜਨੀਆਂ ਸ਼ੁਰੂ ਕਰ ਦਿੱਤੀਆਂ। ਨਤੀਜੇ ਵਜੋਂ, ਔਰੰਗਜ਼ੇਬ ਨੇ ਗੁਰੂ ਹਰਿਕ੍ਰਿਸ਼ਨ ਸਾਹਿਬ ਨੂੰ ਸ਼ਾਹੀ ਦਰਬਾਰ ਵਿੱਚ ਪੇਸ਼ ਹੋਣ ਲਈ ਆਖਿਆ। ਗੁਰੂ ਸਾਹਿਬ ਭਾਵੇਂ ਦਿੱਲੀ ਪਹੁੰਚੇ, ਪਰ ਉਨ੍ਹਾਂ ਨੇ ਔਰੰਗਜ਼ੇਬ ਦੇ

[੨] ਪੰਨਾ ੪੬੬, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ।

ਦਰਬਾਰ ਵਿੱਚ ਪੇਸ਼ ਹੋਣ ਤੋਂ ਨਾਂਹ ਕਰ ਦਿੱਤੀ। ਦਿੱਲੀ ਵਿੱਚ ਹੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਨੇ ਆਪਣੇ ਸਰੀਰ ਦਾ ਤਿਆਗ ਕੀਤਾ।

ਔਰੰਗਜ਼ੇਬ ਨੇ ਰਾਮਰਾਇ ਨੂੰ ਬਹੁਤ ਸਾਰੀ ਜਾਗੀਰ ਦਿੱਤੀ। ਰਾਮਰਾਇ ਦੀ ਮੌਤ ਇਸੇ ਜਾਗੀਰ ਵਿੱਚ ਹੀ ਹੋਈ, ਜਿੱਥੇ ਦੇਹੁਰਾ ਬਣਿਆ ਹੋਇਆ ਹੈ, ਜੋ ਅੱਜਕਲ੍ਹ ਭਾਰਤ ਦੇ ਉਤਰਾਂਚਲ ਸੂਬੇ ਦੀ ਰਾਜਧਾਨੀ ਦੇਹਰਾਦੂਨ ਵਿੱਚ ਹੈ। ਰਾਮਰਾਇ ਦੀ ਮੌਤ ਮਗਰੋਂ ਉਸ ਦੇ ਚੇਲਿਆਂ/ਮਸੰਦਾਂ ਨੇ ਬੁਰਛਾਗਰਦੀ ਮਚਾ ਦਿੱਤੀ। ਰਾਮਰਾਇ ਦੀ ਸੁਪਤਨੀ ਪੰਜਾਬ ਕੌਰ ਦੀ ਬੇਨਤੀ 'ਤੇ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੇਹਰਾਦੂਨ ਪੁੱਜੇ ਅਤੇ ਰਾਮਰਾਇ ਦੇ ਮਸੰਦਾਂ ਨੂੰ ਸਜ਼ਾ ਦਿੱਤੀ।

ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੇ ਉਥੇ ਪਹੁੰਚਣ ਦੀ ਯਾਦ ਵਿੱਚ ਗੁਰਦੁਆਰਾ ਸਾਹਿਬ ਸੁਸ਼ੋਭਿਤ ਹੈ। ਸਥਾਨਕ ਸੰਗਤਾਂ ਨੇ ਹੋਰ ਵੀ ਕਈ ਗੁਰਦੁਆਰਿਆਂ ਦੀ ਸਥਾਪਨਾ ਕੀਤੀ ਹੈ।

ਰਾਮਰਾਇ ਦੇ ਦੇਹੁਰੇ ਦਾ ਪ੍ਰਬੰਧ ਮਹੰਤ ਅਧੀਨ ਹੈ। ਰਾਮਰਾਇ ਦੇ ਦੇਹੁਰੇ 'ਤੇ ਹਰ ਸਾਲ ਇੱਕ ਵੱਡਾ ਮੇਲਾ ਭਰਦਾ ਹੈ, ਜਿਸ ਨੂੰ 'ਝੰਡੇ ਦਾ ਮੇਲਾ' ਆਖਿਆ ਜਾਂਦਾ ਹੈ, ਕਿਉਂਕਿ ਇਸ ਤਿੰਨ-ਦਿਨਾ ਮੇਲੇ ਦੇ ਆਖ਼ਰੀ ਦਿਨ ਨਵਾਂ ਝੰਡਾ ਝੁਲਾਇਆ ਜਾਂਦਾ ਹੈ। ਅੰਮ੍ਰਿਤ ਛੱਕਣ ਤੋਂ ਪਹਿਲਾਂ ਮੈਂ ਕਈ ਵਾਰ ਰਾਮਰਾਇ ਦੇ ਦੇਹੁਰੇ ਨੂੰ ਦੇਖਿਆ ਹੈ। ਝੰਡੇ ਦੇ ਮੇਲੇ ਦੀ ਰੌਣਕ ਦਾ ਵੀ ਮੈਂ ਗਵਾਹ ਹਾਂ, ਜਿਸ ਵਿੱਚ ਭਾਂਤ-ਭਾਂਤ ਦੇ ਸਾਧੂ ਸ਼ਾਮਿਲ ਹੁੰਦੇ ਹਨ। ਮੈਂਨੂੰ ਦੱਸਿਆ ਗਿਆ ਕਿ ਰਾਮਰਾਇ ਦੇ ਦੇਹੁਰੇ ਵਿੱਚ ਗੁਰਬਾਣੀ ਦੀ ਇੱਕ ਪੁਰਾਤਨ ਹੱਥ-ਲਿਖਤ ਬੀੜ ਮੌਜੂਦ ਹੈ। ਕਿਹਾ ਜਾਂਦਾ ਹੈ ਕਿ ਇਸ ਉਤੈ ਗੁਰੂ ਹਰਿਰਾਇ ਸਾਹਿਬ ਜੀ ਦੇ ਦਸਤਖ਼ਤ ਹਨ। ਮੈਂ ਇਸ ਦੇਹੁਰੇ ਵਿੱਚ ਦੋ ਪੁਰਾਤਨ ਤਸਵੀਰਾਂ ਵੀ ਦੇਖੀਆਂ ਸਨ, ਇੱਕ ਗੁਰੂ ਗੋਬਿੰਦ ਸਿੰਘ ਜੀ ਦੀ ਅਤੇ ਦੂਜੀ ਰਾਮਰਾਇ ਦੀ; ਹਾਲਾਂਕਿ ਪੁਰਾਤਨ ਬੀੜ ਦੇ ਦਰਸ਼ਨ ਕਰਨ ਦਾ ਮੈਂਨੂੰ ਮੌਕਾ ਨਹੀਂ ਮਿਲਿਆ। ਦੇਹੁਰੇ ਦੇ ਅੰਦਰ ਹੀ ਮੈਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਵੀ ਵੇਖਿਆ ਸੀ। ਹੁਣ ਪਤਾ ਨਹੀਂ ਕਿ ਕੀ ਸਥਿਤੀ ਹੈ।

**ਕੁੜੀਮਾਰ:** - ਕੁੱਝ ਲੋਕ ਧੀ ਦੇ ਜੰਮਦਿਆਂ ਹੀ ਉਸ ਨੂੰ ਮਾਰ ਦਿੰਦੇ ਹਨ। ਅਜਿਹੇ ਲੋਕਾਂ ਨੂੰ ਸਿੱਖ-ਸਾਹਿਤ ਵਿੱਚ 'ਕੁੜੀਮਾਰ' ਆਖਿਆ ਗਿਆ ਹੈ।

ਆਪਣੀਆਂ ਹੀ ਧੀਆਂ ਨੂੰ ਮਾਰ ਦੇਣ ਦੇ ਕਈ ਕਾਰਣ ਹਨ, ਜਿਵੇਂ ਧੀ ਦੇ ਵਿਆਹ ਉਤੈ ਕੀਤੇ ਜਾਣ ਵਾਲੇ ਖ਼ਰਚ ਤੋਂ ਬਚਣ ਲਈ, ਕਿਸੇ ਨੂੰ ਜਵਾਈ ਬਣਾਉਣ ਨੂੰ ਨਮੋਸ਼ੀ ਸਮਝ ਕੇ ਉਸ ਤੋਂ ਬਚਣ ਲਈ ਤੇ ਹੋਰਨਾਂ ਕਾਰਣਾਂ ਕਰਕੇ।

ਨਵੀਆਂ ਵਿਗਿਆਨਕ ਖੋਜਾਂ ਕਾਰਣ ਹੁਣ ਜਨਮ ਤੋਂ ਪਹਿਲਾਂ ਹੀ ਗਰਭ ਵਿੱਚਲੇ ਭਰੂਣ ਦਾ ਲਿੰਗ ਪਤਾ ਕਰਨਾ ਸੰਭਵ ਹੋ ਗਿਆ ਹੈ। ਕਈ ਪਾਪੀ ਲੋਕ ਗਰਭ ਵਿੱਚਲੀ ਕੰਨਿਆ ਨੂੰ ਹੀ ਗਰਭਪਾਤ ਰਾਹੀਂ ਕਤਲ ਕਰ

ਦਿੰਦੇ ਹਨ । ਭਾਵੇਂ ਆਮ ਲੋਕ ਪੜ੍ਹ-ਲਿੱਖ ਗਏ ਹਨ, ਪਰ ਬਹੁਤੇ ਲੋਕਾਂ ਦੀ ਸੋਚ ਅਜੇ ਵੀ ਪੁਰਾਣੇ ਕਬੀਲਾ-ਸਭਿਆਚਾਰ ਵਰਗੀ ਹੀ ਹੈ, ਜਿੱਥੇ ਕੁੜੀ ਦਾ ਜਨਮ ਪਰਿਵਾਰ ਲਈ ਨਮੋਸ਼ੀ ਦਾ ਕਾਰਣ ਬਣ ਜਾਂਦਾ ਹੈ ।

ਐਸਾ ਵੀ ਅਨੇਕਾਂ ਵਾਰ ਹੋਇਆ, ਜਦੋਂ ਤਥਾ-ਕਥਿਤ 'ਨਮੋਸ਼ੀ' ਤੋਂ ਬਚਣ ਲਈ ਜਵਾਨ/ਬਾਲਗ ਧੀਆਂ/ਭੈਣਾਂ ਦੇ ਕਤਲ ਉਨ੍ਹਾਂ ਦੇ ਪਿਤਾਵਾਂ/ਭਰਾਵਾਂ ਨੇ ਕੀਤੇ ਜਾਂ ਕਰਵਾਏ । ਸਿਧਾਂਤਕ ਰੂਪ ਵਿੱਚ ਅਜਿਹੇ ਸਭ ਲੋਕ ਕੁੜੀਮਾਰਾਂ ਦੀ ਸ਼੍ਰੇਣੀ ਵਿੱਚ ਸ਼ਾਮਿਲ ਸਮਝੇ ਜਾਣੇ ਚਾਹੀਦੇ ਹਨ ਤੇ ਕਿਸੇ ਵੀ ਹਾਲਤ ਵਿੱਚ ਉਨ੍ਹਾਂ ਨਾਲ ਕਿਸੇ ਪ੍ਰਕਾਰ ਦੀ ਸਾਂਝ ਨਹੀਂ ਰੱਖਣੀ ਚਾਹੀਦੀ ।

"*ਕੁੜੀਮਾਰ ਆਦਿਕ ਹੈਂ ਜੇਤੇ । ਮਨ ਤੇ ਦੂਰ ਤਿਆਗੇ ਤੇਤੇ ।*" ('ਰਹਿਤਨਾਮਾ ਭਾਈ ਦੇਸਾ ਸਿੰਘ') ।

"*ਮੀਣਾ ਔਰ ਮਸੰਦੀਆ, ਮੋਨਾ ਕੁੜੀ ਜੋ ਮਾਰ । ਹੋਇ ਸਿਖ ਵਰਤਨ ਕਰਹਿ, ਅੰਤ ਕਰੇਗਾ ਖੁਆਰ ।*"('ਰਹਿਤਨਾਮਾ ਭਾਈ ਪ੍ਰਹਿਲਾਦ ਸਿੰਘ') । ਅਤੇ

"*ਕੁੜੀਮਾਰ ਮਸੰਦ ਜੋ, ਮੀਣੇ ਕਾ ਪ੍ਰਸਾਦਿ । ਲਏ ਜੁ ਇਨ ਕੇ ਹਾਥ ਕਾ, ਜਨਮ ਗਵਾਵਹਿ ਬਾਦ ।*" ('ਰਹਿਤਨਾਮਾ ਭਾਈ ਪ੍ਰਹਿਲਾਦ ਸਿੰਘ') ।

**ਨੜੀਮਾਰ:** - ਹੁੱਕਾ ਪੀਣ ਵਾਲੇ ਨੂੰ ਸਿੱਖ-ਸਾਹਿਤ ਵਿੱਚ ਨੜੀਮਾਰ ਕਿਹਾ ਗਿਆ ਹੈ । ਹੁੱਕਾ ਆਦਿ ਪੀਣ ਦੀ ਸਿੱਖ ਮਤਿ ਵਿੱਚ ਸਖ਼ਤ ਮਨਾਹੀ ਹੈ ।

**ਮਸੰਦ:** - ਗੁਰੂ ਰਾਮਦਾਸ ਜੀ ਦੇ ਸਮੇਂ ਕੁੱਝ ਵਿਅਕਤੀਆਂ ਨੂੰ 'ਮਸੰਦ' ਵਜੋਂ ਨਿਯੁਕਤ ਕੀਤਾ ਗਿਆ ਸੀ । ਇਹ ਭਜਨੀਕ ਗੁਰਸਿੱਖ ਸਨ, ਜੋ ਆਪੋ-ਆਪਣੇ ਇਲਾਕਿਆਂ ਵਿੱਚ ਸਿੱਖੀ ਦਾ ਪ੍ਰਚਾਰ ਵੀ ਕਰਦੇ ਸਨ ਤੇ ਸੰਗਤਾਂ ਵੱਲੋਂ ਭੇਟ ਕੀਤਾ ਗਿਆ ਧਨ ਅਤੇ ਹੋਰ ਵਸਤਾਂ ਗੁਰੂ ਦਰਬਾਰ ਤੱਕ ਪਹੁੰਚਾਉਂਦੇ ਸਨ । ਸਮੇਂ ਦੇ ਨਾਲ-ਨਾਲ ਇਨ੍ਹਾਂ ਮਸੰਦਾਂ ਵਿੱਚ ਗ਼ਲਤ ਲੋਕ ਸ਼ਾਮਿਲ ਹੁੰਦੇ ਗਏ । ਅਜਿਹਾ ਸਮਾਂ ਵੀ ਆਇਆ, ਜਦੋਂ ਜ਼ਿਆਦਾਤਰ ਮਸੰਦ ਧਰਮ-ਪ੍ਰਚਾਰਕ ਨਾ ਰਹਿ ਕੇ ਕੇਵਲ ਧਨ ਇਕੱਠਾ ਕਰਨ ਵਾਲੇ ਲੋਕ ਬਣ ਗਏ । ਬਹੁਤੀ ਵਾਰ ਤਾਂ ਇਕੱਠਾ ਹੋਇਆ ਧਨ ਗੁਰੂ-ਦਰਬਾਰ ਵਿੱਚ ਪਹੁੰਚਾਉਣ ਦੀ ਥਾਂ, ਜਾਂ ਪ੍ਰਚਾਰ ਅਤੇ ਲੰਗਰ ਆਦਿ ਉਤੇ ਖ਼ਰਚ ਕਰਨ ਦੀ ਬਜਾਇ ਮਸੰਦ ਆਪਣੇ ਕੋਲ ਹੀ ਰੱਖ ਲੈਂਦੇ ਸਨ ਤੇ ਐਸ਼ੋ-ਆਰਾਮ ਦੀ ਜ਼ਿੰਦਗੀ ਬਤੀਤ ਕਰਦੇ ਸਨ । ਇਸਤਰ੍ਹਾਂ, ਧਰਮ-ਪ੍ਰਚਾਰਕ ਵਜੋਂ ਨਿਯੁਕਤ ਮਸੰਦ ਕੇਵਲ ਭ੍ਰਿਸ਼ਟ ਪ੍ਰਬੰਧਕ ਬਣ ਕੇ ਰਹਿ ਗਏ ਸਨ ।

ਮਸੰਦਾਂ ਵਿੱਚ ਅਜਿਹੀ ਗਿਰਾਵਟ ਦੇਖ ਕੇ ਗੁਰੂ ਗੋਬਿੰਦ ਸਿੰਘ ਜੀ ਨੇ ਮਸੰਦ-ਪ੍ਰਥਾ ਨੂੰ ਖ਼ਤਮ ਕਰ ਦਿੱਤਾ, ਪਰ ਕੁੱਝ ਮਸੰਦ ਧੋਖੇ ਨਾਲ ਲੋਕਾਂ ਤੋਂ ਧਨ ਇਕੱਠਾ ਕਰਦੇ ਰਹੇ। ਇਸੇ ਕਾਰਣ ਗੁਰੂ ਗੋਬਿੰਦ ਸਿੰਘ ਜੀ ਨੇ ਸਿੱਖਾਂ ਨੂੰ ਹੁਕਮ ਦਿੱਤਾ ਕਿ ਮਸੰਦਾਂ ਨਾਲ ਕੋਈ ਸਾਂਝ ਨਹੀਂ ਰੱਖਣੀ। ਅੱਜ-ਕਲ੍ਹ ਦੇ ਸਮੇਂ ਵਿੱਚ ਗੁਰਦੁਆਰਿਆਂ ਦੇ ਕਈ ਪ੍ਰਬੰਧਕ ਪੁਰਾਣੇ ਮਸੰਦਾਂ ਵਾਂਗ ਕੇਵਲ ਧਨ ਇਕੱਠਾ ਕਰਕੇ ਆਪਣੇ ਨਿਜੀ ਹਿੱਤ ਪਾਲ ਰਹੇ ਹਨ ਅਤੇ ਸਿੱਖੀ ਪ੍ਰਚਾਰ ਵੱਲ ਕੋਈ ਧਿਆਨ ਨਹੀਂ ਦੇ ਰਹੇ। ਅਜਿਹੇ ਲੋਕ ਉਨ੍ਹਾਂ ਭ੍ਰਿਸ਼ਟ ਮਸੰਦਾਂ ਵਾਂਗ ਹੀ ਹਨ।

ਸਾਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਸ਼ੁਰੂ-ਸ਼ੁਰੂ ਵਿੱਚ ਇੱਕ ਮਸੰਦ ਦੋ ਕੰਮ ਕਰਦਾ ਸੀ, ਪਹਿਲਾ ਸਿੱਖੀ ਪ੍ਰਚਾਰ ਤੇ ਦੂਜਾ ਸੰਗਤ ਵੱਲੋਂ ਦਿੱਤੇ ਗਏ ਧਨ ਦੀ ਸਿੱਖੀ-ਸਿਧਾਂਤਾਂ ਅਨੁਸਾਰ ਸੁਚੱਜੀ ਵਰਤੋਂ। ਜਦੋਂ ਮਸੰਦਾਂ ਨੇ ਪ੍ਰਚਾਰ ਕਰਨਾ ਵੀ ਬੰਦ ਕਰ ਦਿੱਤਾ ਤੇ ਸੰਗਤਾਂ ਦੇ ਧਨ ਦੀ ਦੁਰ-ਵਰਤੋਂ ਵੀ ਕੀਤੀ, ਤਾਂ ਗੁਰੂ ਗੋਬਿੰਦ ਸਿੰਘ ਜੀ ਨੇ ਭ੍ਰਿਸ਼ਟ ਮਸੰਦਾਂ ਨੂੰ ਸਜ਼ਾ ਵੀ ਦਿੱਤੀ ਤੇ ਸਿੱਖਾਂ ਨੂੰ ਹੁਕਮ ਵੀ ਕੀਤਾ ਕਿ ਮਸੰਦਾਂ ਨਾਲ ਕੋਈ ਸਾਂਝ ਨਹੀਂ ਰੱਖਣੀ। ਇਸੇ ਤਰ੍ਹਾਂ, ਅਜੋਕੇ ਸਮੇਂ ਵਿੱਚ ਜੇ ਕੋਈ ਵਿਅਕਤੀ ਸਿੱਖੀ ਦਾ ਪ੍ਰਚਾਰਕ ਨਹੀਂ, ਤੇ ਉਹ ਕਿਸੇ ਗੁਰਦੁਆਰੇ ਦਾ ਪ੍ਰਬੰਧਕ ਬਣ ਬੈਠੇ, ਤਾਂ ਉਹ ਕਿਸੇ ਭ੍ਰਿਸ਼ਟ ਮਸੰਦ ਨਾਲੋਂ ਵੱਖਰਾ ਨਹੀਂ ਸਮਝਿਆ ਜਾਣਾ ਚਾਹੀਦਾ।

*"ਮੀਣਾ ਔਰ ਮਸੰਦੀਆ, ਮੋਨਾ ਕੁੜੀ ਜੋ ਮਾਰ। ਹੋਇ ਸਿਖ ਵਰਤਨ ਕਰਹਿ, ਅੰਤ ਕਰੇਗਾ ਖੁਆਰ।"*

ਅਤੇ

*"ਕੁੜੀਮਾਰ ਮਸੰਦ ਜੋ, ਮੀਣੇ ਕਾ ਪ੍ਰਸਾਦਿ। ਲਏ ਜੁ ਇਨ ਕੇ ਹਾਥ ਕਾ, ਜਨਮ ਗਵਾਵਹਿ ਬਾਦ।"* ('ਰਹਿਤਨਾਮਾ ਭਾਈ ਪ੍ਰਹਿਲਾਦ ਸਿੰਘ')।

**ਸਿਰਗੁੰਮ:** - ਸਿਰਗੁੰਮ ਉਹ, ਹੈ, ਜੋ ਸਿੱਖ (ਕੇਸਧਾਰੀ) ਹੋ ਕੇ ਕੇਸ ਕਟਾ ਦਏ। ਸਿਰਗੁੰਮ ਨਾਲ ਵਰਤਣ ਦੀ ਸਿੱਖ ਨੂੰ ਮਨਾਹੀ ਹੈ। ਅੱਜਕਲ੍ਹ ਕੁੱਝ ਸਿਰਗੁੰਮ ਆਪਣੇ ਆਪ ਨੂੰ ਸਹਿਜਧਾਰੀ ਆਖ ਕੇ ਪੰਥ ਵਿੱਚ ਪ੍ਰਵਾਨ ਹੋਣ ਦੀ ਕੋਸ਼ਿਸ਼ ਕਰ ਰਹੇ ਹਨ। [੩]

ਇਸ ਪ੍ਰਕਾਰ, ਮੀਣੇ, ਧੀਰਮੱਲੀਏ, ਰਾਮਰਾਈਏ, ਮਸੰਦ, ਕੁੜੀਮਾਰ, ਨੜੀਮਾਰ ਅਤੇ ਸਿਰਗੁੰਮ ਨਾਲ ਸਿੱਖ ਵਰਤਣ ਨਹੀਂ ਕਰਦਾ।

[੩] ਵਿਸਥਾਰ ਲਈ ਦੇਖੋ ਇਸੇ ਪੁਸਤਕ ਵਿੱਚਲਾ ਲੇਖ 'ਸਹਿਜਧਾਰੀ'।